The true picture of your local community
NZ ਤਸਵੀਰ NEWS
www.nztasveernews.co.nz | ਪੰਜਾਬੀ ਅਖ਼ਬਾਰ | NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




02 November 2018 Daily, editornztasveer@gmail.com designnztasveer@gmail.com Ph/Fax: 09 390 4644 FREE

### ਇਹ ਹਨ ਆਕਲੈਂਡ ਸਭ ਤੋਂ ਘੁਟੀਆ ਰੈਸਟੋਰੈਂਟ

## ਆਕਲੈਂਡ ਕਾਊਂਸਲ ਵਲੋਂ ਛੇ ਰੈਸਟਰੈਂਟਾਂ ਨੂੰ ਡੀ ਅਤੇ ਈ ਗ੍ਰੇਡ




ਆਕਲੈਂਡ : ਆਕਲੈਂਡ ਕਾਉਂਸਲ ਵਲੋਂ ਆਕਲੈਂਡ ਦੇ ਛੇ ਰੈਸਟੋਰੈਂਟਾਂ ਨੂੰ ਡੀ ਅਤੇ ਈ ਗ੍ਰੇਡ ਦਿੱਤਾ ਗਿਆ ਹੈ।ਦੱਸਣਯੋਗ ਹੈ ਕਿ ਇਹ ਗ੍ਰੇਡ ਮਿਲਣ ਵਾਲੇ ਰੈਸਟੋਰੈਂਟਾਂ ਦੀ ਹਾਲਤ ਬਹੁਤ ਮਾੜੀ ਹੈ ਅਤੇ ਇਹ ਬਹੁਤ ਗੰਦਗੀ ਭਰੇ ਰੈਸਟੋਰੈਂਟ ਹਨ ਇੰਨਾਂ ਰੈਸਟੋਰੈਂਟਾਂ ਵਿਚੋਂ ਤਾਂ ਕਾਕਰੋਚ ਅਤੇ ਹੋਰ ਕੀੜੇ-ਮਕੌੜੇ ਵੀ ਜਾਂਚ ਦੌਰਾਨ ਪਾਏ ਗਏ ਹਨ। ਜਾਣੋ ਇੰਨਾਂ ਰੈਸਟੋਰੈਂਟਾਂ ਦੇ ਨਾਮ :- ਪੈਪਰ ਕਿਚਨ ਆਨ ਐਲੀਓਟ ਸਟ੍ਰੀਟ, ਸੀਬੀਡੀ, ਈ-ਗ੍ਰੇਡ, ਸੁਰਾਸੈਂਗ ਇੰਨ ਵਾਇਰਾਉ ਵੈਲੀ, ਡੀ-ਗ੍ਰੇਡ, ਕੈਟਰਿੰਗ ਮਾਸਟਰ ਇਨ ਮੈਂਗਰੇ, ਈ-ਗ੍ਰੇਡ, ਬੀਬੀਕਿਊ ਨਿਊਡਲ ਹਾਊਸ ਇਨ ਅਲਬੈਨੀ, ਈ-ਗ੍ਰੇਡ ਲੱਕੀ ਗ੍ਰਿੱਲ ਸੀਅਫੂਡ ਰੈਸਟੋਰੈਂਟ, ਹਾਈਲੈਂਡ ਪਾਰਕ, ਈ-ਗ੍ਰੇਡ ਡੈਵਿਨ ਬੇਕਰੀ ਐਂਡ ਕੈਫੇ, ਟੀ ਆਟਾ-ਟੂ, ਈ-ਗ੍ਰੇਡ ਇੱਥੇ ਦੱਸਣਯੋਗ ਹੈ ਕਿ ਕਾਉਂਸਲ ਵਲੋਂ ਆਕਲੈਂਡ ਵਿੱਚ ਕਈ ਰੈਸਟੋਰੈਂਟਾਂ ਦੀ ਛਾਣਬੀਣ ਸੁਰੱਖਿਆ ਦੇ ਚੱਲਦੇ ਕੀਤੀ ਗਈ ਸੀ ? ਜਿੰਨਾਂ ਰੈਸਟੋਰੈਂਟਾਂ ਨੂੰ ਡੀ-ਗ੍ਰੇਡ ਦਿੱਤਾ ਗਿਆ ਹੈ, ਉਹ ਫੂਡ ਐਕਟ 2014 ਦੇ ਤਹਿਤ ਦਿੱਤਾ ਗਿਆ ਹੈ।

## ਬੈਂਕ ਨੇ 1 ਰੁਪਿਆ ਵਸੂਲਣ ਲਈ ਖਰਚੇ 85 ਰੁਪਏ !

ਦੇਸ਼ ਦੇ ਇੱਕ ਸਰਕਾਰੀ ਬੈਂਕ ਦਾ ਬੇਹੱਦ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਕ ਵੱਡੇ ਬੈਂਕ ਨੇ 85 ਰੁਪਏ ਖਰਚ ਕਰਕੇ ਕੋਰੀਅਰ ਦੁਆਰਾ ਗਾਹਕ ਤੋਂ 1 ਰੁਪਿਆ ਵਸੂਲਣ ਦਾ ਨੋਟਿਸ ਭੇਜਿਆ ਹੈ। ਬੈਂਕ ਨੇ ਇਸਦਾ ਭੁਗਤਾਨ ਆਰਟੀਜੀਐਸ, ਐਨਈਐਫਟੀ ਜਾਂ ਚੈੱਕ ਦੁਆਰਾ ਕਰਨ ਨੂੰ ਕਿਹਾ ਹੈ। ਜਾਣਕਾਰੀ ਮੁਤਾਬਕ ਗਾਜ਼ਿਆਬਾਦ ਦੇ ਇੱਕ ਗਾਹਕ ਨੂੰ ਆਈਡੀਬੀਆਈ ਬੈਂਕ ਤੋਂ 1 ਰੁਪਿਆ ਜਮਾਂ ਕਰਵਾਉਣ ਦਾ ਨੋਟਿਸ ਭੇਜਿਆ ਗਿਆ। ਉਦੋਂ ਤੱਕ ਖਾਤੇ ਨੂੰ ਬਕਾਇਆ ਰਾਸ਼ੀ ਦੀ ਸਥਿਤੀ ਚ ਰੱਖਣ ਅਤੇ ਤੁਰੰਤ ਭੁਗਤਾਨ ਕਰਨ ਦੀ ਗੱਲ ਕਹੀ ਗਈ ਹੈ। ਗਾਹਕ ਮੁਤਾਬਕ ਇਹ ਖਾਤਾ ਉਸਦਾ ਬੈਂਕ ਲੋਨ ਅਕਾਊਂਟ ਹੈ ਜਿਸਦੀ ਹਰੇਕ ਮਹੀਨੇ ਕਿਸ਼ਤ ਜਾ ਰਹੀ ਹੈ। ਅਜਿਹੇ ਚ ਗਾਹਕ ਨੂੰ ਇਹ ਸਮਝ ਨਹੀਂ ਆ ਰਿਹਾ ਕਿ ਇਹ ਰਕਮ ਬੈਂਕ ਕੋਲ ਕਿਵੇਂ ਨਹੀਂ ਗਈ। ਗਾਹਕ ਨੇ ਕਿਹਾ ਕਿ ਜੇਕਰ ਬਕਾਇਆ ਰਹਿ ਵੀ ਗਿਆ ਹੋਵੇ ਤਾਂ ਬੈਂਕ ਬਕਾਏ ਨੂੰ ਕਿਸ਼ਤ ਦੀ ਅਗਲੀ ਰਕਮ ਚ ਜੋੜ ਕੇ ਉਸਦੀ ਵਸੂਲੀ ਕਰ ਸਕਦਾ ਹੈ, ਇਸ ਤਰ੍ਹਾਂ ਨੋਟਿਸ ਭੇਜਣ ਦਾ ਕੀ ਮਤਲਬ ਹੈ। ਗਾਹਕ ਦਾ ਕਹਿਣਾ ਹੈ ਕਿ 1 ਰੁਪਏ ਦਾ ਭੁਗਤਾਨ ਕਰਨ ਲਈ ਉਸਨੂੰ ਆਰਟੀਜੀਐਸ, ਐਨਈਐਫਟੀ ਦੀ ਸੁਵਿਧਾ ਦੁਆਰਾ ਇਸ 1 ਰੁਪਏ ਤੋਂ ਕਈ ਗੁਣਾ ਵੱਧ ਖਰਚਾ ਕਰਨਾ ਪਵੇਗਾ ਜੋ ਕਿ ਇੱਕ ਹੋਰ ਨਵੀਂ ਮੁਸੀਬਤ ਵਾਲੀ ਗੱਲ ਹੈ। ਰਿਜ਼ਰਵ ਬੈਂਕ ਦੇ ਸਾਬਕਾ ਨਿਰਦੇਸ਼ਕ ਵਿਪਿਨ ਮਲਿਕ ਨੇ ਕਿਹਾ ਕਿ ਇਹ ਬੈਂਕ ਦੀ ਮਜਬੂਰੀ ਹੈ ਕਿ ਉਹ ਕਿਸੇ ਵੀ ਬੈਂਕ ਖਾਤੇ ਚ ਕੋਈ ਵੀ ਰਕਮ ਬਕਾਇਆ ਨਾ ਛੱਡੇ। ਉਨ੍ਹਾਂ ਕਿਹਾ ਸਰਕਾਰ ਵੱਲੋਂ ਬੈਂਕ ਨੂੰ ਅਜਿਹਾ ਅਧਿਕਾਰ ਦੇਣਾ ਚਾਹੀਦਾ ਹੈ ਜਿਸ ਵਿਚ ਬੈਂਕ 100 ਰੁਪਏ ਤੋਂ ਘੱਟ ਬਕਾਇਆ ਰਕਮ ਨੂੰ ਖਤਮ ਕਰਨ ਦਾ ਫੈਸਲਾ ਲੈ ਸਕੇ।




### ਦੁਨੀਆ 'ਚ ਇਕ ਲੱਖ ਤੋਂ ਵੱਧ ਲੋਕ ਲਾਪਤਾ, ਕੌਮਾਂਤਰੀ ਸੰਕਟ ਹੋਇਆ ਪੈਦਾ

ਸੰਯੁਕਤ ਰਾਸ਼ਟਰ — ਦੁਨੀਆ 'ਚ ਇਕ ਲੱਖ ਤੋਂ ਵੱਧ ਵਿਅਕਤੀ ਲਾਪਤਾ ਹਨ, ਜਿਸ ਕਾਰਨ ਕੌਮਾਂਤਰੀ ਸੰਕਟ ਪੈਦਾ ਹੋ ਗਿਆ ਹੈ। ਇੰਟਰਨੈਸ਼ਨਲ ਕਮੇਟੀ ਆਫ ਦਿ ਰੈੱਡ ਕ੍ਰਾਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਲਾਪਤਾ ਲੋਕਾਂ ਦੀ ਇਹ ਹੁਣ ਤਕ ਦੀ ਸਭ ਤੋਂ ਵੱਧ ਗਿਣਤੀ ਹੈ।

ਉਕਤ ਕਮੇਟੀ ਮੁਤਾਬਕ ਉਂਝ ਸੁਣਨ ਨੂੰ ਇਹ ਅੰਕੜਾ ਦੁਨੀਆ ਦੀ ਕੁਲ ਅਬਾਦੀ ਦੇ ਮੁਕਾਬਲੇ ਛੋਟਾ ਜਿਹਾ ਲੱਗਦਾ ਹੈ ਪਰ ਦੁਨੀਆ ਲਈ ਇਕ-ਇਕ ਵਿਅਕਤੀ ਦੀ ਆਪਣੀ ਅਹਿਮੀਅਤ ਹੈ, ਜਿਸ ਕਾਰਨ ਇਕ ਲੱਖ ਲੋਕਾਂ ਦਾ ਲਾਪਤਾ ਹੋਣਾ ਚਿੰਤਾ ਵਾਲੀ ਗੱਲ ਹੈ। ਇਸ ਲਈ ਕਈ ਕਾਰਨ ਜ਼ਿੰਮੇਵਾਰ ਹਨ। ਕਮੇਟੀ ਚਾਹੁੰਦੀ ਹੈ ਕਿ ਭਵਿੱਖ ਵਿਚ ਲੋਕਾਂ ਨੂੰ ਲਾਪਤਾ ਹੋਣ ਤੋਂ ਬਚਾਉਣ ਲਈ ਢੁੱਕਵੇਂ ਕਦਮ ਚੁੱਕੇ ਜਾਣ।

## ਹਿੰਦੂ ਮੰਦਰਾਂ 'ਚ ਬਲੀ 'ਤੇ ਰੋਕ ਲਾਵੇਗਾ ਇਹ ਦੇਸ਼

ਕੋਲੰਬੋ — ਸ਼੍ਰੀਲੰਕਾ ਦੀ ਸਰਕਾਰ ਹਿੰਦੂ ਮੰਦਰਾਂ 'ਚ ਪਸ਼ੂਆਂ-ਪੰਛੀਆਂ ਦੀ ਬਲੀ ਦੇਣ 'ਤੇ ਰੋਕ ਲਾ ਰਹੀ ਹੈ। ਸਰਕਾਰ ਦੇ ਇਕ ਬੁਲਾਰੇ ਨੇ ਇਕ ਅੰਗ੍ਰੇਜ਼ੀ ਅਖਬਾਰ ਨੂੰ ਦੱਸਿਆ ਕਿ ਹਿੰਦੂ ਧਾਰਮਿਕ ਮਾਮਲਿਆਂ ਦੇ ਮੰਤਰਾਲੇ ਨੇ ਇਸ ਦਾ ਪ੍ਰਸਤਾਵ ਅੱਗੇ ਵਧਾਇਆ ਸੀ ਅਤੇ ਜ਼ਿਆਦਾਤਰ ਉਦਾਰਵਾਦੀ ਸਮੂਹਾਂ ਨੇ ਇਸ ਦਾ ਸਮਰਥਨ ਕੀਤਾ ਹੈ। ਕੁਝ ਹਿੰਦੂ ਆਪਣੇ ਦੇਵੀ-ਦੇਵਤਿਆਂ ਨੂੰ ਖੁਸ਼ ਕਰਨ ਲਈ ਮੰਦਰਾਂ 'ਚ ਬਕਰਿਆਂ, ਮੱਝਾਂ ਅਤੇ ਮੁਰਗੀਆਂ ਦੀ ਬਲੀ ਦਿੰਦੇ ਹਨ ਪਰ ਸ਼੍ਰੀਲੰਕਾ 'ਚ ਘੱਟ ਗਿਣਤੀ ਵਾਲੇ ਬੌਧ ਕਈ ਸਾਲਾਂ ਤੋਂ ਇਸ ਦਾ ਵਿਰੋਧ ਕਰ ਰਹੇ ਹਨ। ਹਿੰਦੂਆਂ ਤੋਂ ਇਲਾਵਾ ਮੁਸਲਮਾਨ ਵੀ ਆਪਣੇ ਧਾਰਮਿਕ ਪ੍ਰੋਗਰਾਮਾਂ 'ਚ ਪਸ਼ੂਆਂ ਦੀ ਬਲੀ ਦਿੰਦੇ ਹਨ। ਪਸ਼ੂਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਅਤੇ ਬੌਧ ਸਮੂਹ ਇਸ ਤੋਂ ਨਰਾਜ਼ ਹਨ। ਹਾਲਾਂਕਿ ਸਾਰੇ ਹਿੰਦੂ ਪਸ਼ੂਆਂ ਦੀ ਬਲੀ ਨਹੀਂ ਦਿੰਦੇ ਹਨ ਪਰ ਬਲੀ ਦੇਣ ਵਾਲਿਆਂ ਦਾ ਤਰਕ ਹੈ ਕਿ ਪਾਬੰਦੀ ਨਾਲ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਖਤਮ ਹੋਵੇਗੀ। ਪਸ਼ੂ ਬਲੀ ਦਾ ਸਮਰਥਨ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਦੀ ਆਸਥਾ ਦਾ ਮਾਮਲਾ ਹੈ ਜੋ ਪ੍ਰਾਚੀਨ ਕਾਲ ਤੋਂ ਜਾਰੀ ਹੈ ਇਸ ਲਈ ਇਸ ਨੂੰ ਜਾਰੀ ਰਖਿਆ ਜਾਣਾ ਚਾਹੀਦਾ ਹੈ। ਸ਼੍ਰੀਲੰਕਾ ਦੇ ਮਾਮਲੇ 'ਚ ਅਜਿਹਾ ਪ੍ਰਤੀਤ ਹੁੰਦਾ ਹੈ ਤਾਂ ਬਲੀ 'ਤੇ ਰੋਕ ਸੰਬਧੀ ਕਾਨੂੰਨ ਦੇ ਦਾਇਰੇ 'ਚ ਮੁਸਲਮਾਨ ਨਹੀਂ ਹੋਣਗੇ, ਜਿਹੜੇ ਕਿ ਦੇਸ਼ ਦੀ ਆਬਾਦੀ ਦਾ ਤੀਜਾ ਵੱਡਾ ਹਿੱਸਾ ਹੈ।

## ਆਸਟ੍ਰੇਲੀਆ ਦੇ ਪੁਰਾਣੇ ਮੰਦਰ 'ਚ ਭੰਨ-ਤੋੜ ਕਰਕੇ ਲਗਾਈ ਗਈ ਅੱਗ

ਆਸਟ੍ਰੇਲੀਆ ਸਮੇਤ ਪੂਰੀ ਦੁਨੀਆ 'ਚ ਰਹਿੰਦੇ ਹਿੰਦੂ ਭਾਈਚਾਰੇ ਦਾ ਦਿਲ ਉਸ ਸਮੇਂ ਵਲੂੰਧਰ ਗਿਆ ਜਦ ਉਨ੍ਹਾਂ ਨੂੰ ਜਾਣਕਾਰੀ ਮਿਲੀ ਕਿ ਸਿਡਨੀ ਦੇ ਇਕ ਮੰਦਰ 'ਚ ਹਿੰਦੂ ਦੇਵੀ-ਦੇਵਤਿਆਂ ਦੀ ਬੇਅਦਬੀ ਹੋਈ ਹੈ। ਕੁੱਝ ਸ਼ਰਾਰਤੀ ਅਨਸਰਾਂ ਨੇ ਸਿਡਨੀ ਦੇ ਰਿਜੈਂਟ ਪਾਰਕ ਵਿਚ 20 ਸਾਲ ਪੁਰਾਣੇ ਇਕ ਮੰਦਰ 'ਚ ਮੂਰਤੀਆਂ ਤੋੜੀਆਂ ਅਤੇ ਇੱਥੇ ਵਿਛੇ ਗਲੀਚਿਆਂ ਨੂੰ ਅੱਗ ਲਗਾ ਦਿੱਤੀ , ਜਿਸ ਕਾਰਨ ਕਾਫੀ ਧਾਰਮਿਕ ਸਮੱਗਰੀ ਨੁਕਸਾਨੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਮੰਦਰ ਕਰੀਬ ਦੋ ਦਹਾਕਿਆਂ ਤੋਂ ਗਿਰਜਾਘਰ ਦੀ ਇਮਾਰਤ ਵਿਚ ਚੱਲ ਰਿਹਾ ਹੈ। ਇਹ ਘਟਨਾ ਐਤਵਾਰ ਸ਼ਾਮ ਨੂੰ ਵਾਪਰੀ ਦੱਸੀ ਗਈ ਹੈ। ਇਸ ਮੰਦਰ 'ਚ ਨਰਾਤਿਆਂ ਦਾ ਤਿਉਹਾਰ ਮਨਾਇਆ ਜਾ ਰਿਹਾ ਸੀ। ਲੋਕਾਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਇੱਥੇ ਕਦੇ ਵੀ ਅਜਿਹਾ ਨਹੀਂ ਹੋਇਆ ਸੀ ਅਤੇ ਇਸ ਘਟਨਾ ਨਾਲ ਉਹ ਦੁਖੀ ਹੋਏ ਹਨ। ਜਾਣਕਾਰੀ ਮੁਤਾਬਕ ਕੁਝ ਲੋਕ ਮੰਦਰ ਵਿਚ ਪੂਜਾ ਕਰਨ ਲਈ ਜਾ ਰਹੇ ਸਨ ਕਿ ਉਨ੍ਹਾਂ ਨੂੰ ਮੰਦਰ ਦੀ ਇਮਾਰਤ ਵਿੱਚੋਂ ਧੂੰਆਂ ਨਿਕਲਦਾ ਦਿਖਾਈ ਦਿੱਤਾ। ਇਸੇ ਦੌਰਾਨ ਕੁਝ ਅਣਪਛਾਤੇ ਵਿਅਕਤੀਆਂ ਨੂੰ ਮੰਦਰ ਦੀਆਂ ਖਿੜਕੀਆਂ ਰਾਹੀਂ ਬਾਹਰ ਨਿਕਲ ਕੇ ਭੱਜਦੇ ਹੋਏ ਵੀ ਦੇਖਿਆ ਗਿਆ। ਸੂਬੇ ਦੇ ਬਹੁ-ਕੌਮੀ ਸੱਭਿਆਚਾਰਕ ਵਿਭਾਗ ਦੇ ਮੰਤਰੀ ਰੇਅ ਵਿਲੀਅਮਜ਼ ਨੇ ਕਿਹਾ ਕਿ ਸਰਕਾਰ ਸੱਭਿਆਚਾਰਕ ਅਤੇ ਧਾਰਮਿਕ ਮਹੱਤਤਾ ਵਾਲੇ ਸਥਾਨ 'ਤੇ ਸ਼ਰਾਰਤੀ ਅਨਸਰਾਂ ਦੀ ਕਾਰਵਾਈ ਬਰਦਾਸ਼ਤ ਨਹੀਂ ਕਰੇਗੀ। ਪੁਲਸ ਨੇ ਕੇਸ ਦਰਜ ਕਰਕੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਹਿੰਦੂ ਭਾਈਚਾਰੇ ਨੇ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾਵੇ।

## ਅਮਰੀਕਾ 'ਚ ਜਨਮੇ ਬੱਚਿਆਂ ਨੂੰ ਮਿਲਦੀ ਨਾਗਰਿਕਤਾ 'ਤੇ ਟਰੰਪ ਦਾ ਕੁਹਾੜਾ



ਨਿਊਯਾਰਕ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਮਰੀਕੀ ਕਾਨੂੰਨ ਵਿੱਚ ਇੱਕ ਹੋਰ ਬਦਲਾਅ ਕਰ ਰਹੇ ਹਨ। ਇਸ ਅਮਰੀਕਾ ਵਿੱਚ ਜਨਮ ਲੈਣ ਵਾਲੇ ਬੱਚਿਆਂ ਨੂੰ ਮਿਲਣ ਵਾਲੀ ਕੁਦਰਤੀ ਨਾਗਰਿਕਤਾ ਖ਼ਤਮ ਕਰ ਦਿੱਤੀ ਜਾਏਗੀ। ਕਾਨੂੰਨ ਤਹਿਤ ਅਮਰੀਕਾ ਵਿੱਚ ਜਨਮ ਲੈਣ ਵਾਲੇ ਬੱਚਿਆਂ ਨੂੰ ਉੱਥੋਂ ਦੀ ਨਾਗਰਿਕਤਾ ਦੇ ਦਿੱਤੀ ਜਾਂਦੀ ਹੈ। ਟਰੰਪ ਨੇ ਕਿਹਾ ਕਿ ਜੋ ਪਰਿਵਾਰ ਅਮਰੀਕਾ ਵਿੱਚ ਰਿਹਾ ਹੀ ਨਹੀਂ, ਬੱਸ ਇੱਕੋ ਵਾਰ ਅਮਰੀਕਾ ਵਿੱਚ ਆਉਂਦਾ ਹੈ ਪਰ ਉਨ੍ਹਾਂ ਦੇ ਬੱਚੇ ਨੂੰ ਅਮਰੀਕਾ ਦੀ ਨਾਗਰਿਕਤਾ ਮਿਲ ਜਾਂਦੀ ਹੈ। ਉੱਧਰ ਅਮਰੀਕੀ ਕਾਂਗਰਸ ਦੇ ਲੀਡਰ ਟਰੰਪ ਦੇ ਇਸ ਫੈਸਲੇ ਦੀ ਨਿਖੇਧੀ ਕਰ ਰਹੇ ਹਨ। ਬੁੱਧਵਾਰ ਨੂੰ ਵ੍ਹਾਈਟ ਹਾਊਸ ਵਿੱਚ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਕੁਦਰਤੀ ਨਾਗਰਿਕਤਾ ਬਹੁਤ ਮਹੱਤਰਪੂਰਨ ਹੈ। ਇਹ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਜਨਮ ਅਧਿਕਾਰਿਤ ਨਾਗਰਿਕਤਾ ਵਿੱਚ ਬਦਲਾਅ ਲਿਆਉਣ ਲਈ ਸੰਵਿਧਾਨ ਵਿੱਚ ਬਦਲਾਅ ਕਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਨਿਯਮ ਨੂੰ ਖ਼ਤਮ ਕਰਨ ਦੀ ਲੋੜ ਹੈ। ਹਾਲਾਂਕਿ ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਪਹਿਲੀ ਪਸੰਦ ਇਹ ਹੈ ਕਿ ਇਹ ਬਦਲਾਅ ਸੰਸਦ ਦੇ ਸਹਾਰੇ ਲਿਆ ਜਾਏ। ਟਰੰਪ ਨੇ ਕਿਹਾ ਕਿ ਇਸ ਕਾਨੂੰਨ ਨੂੰ ਸਰਕਾਰੀ ਆਰਡਰ ਪਾਸ ਕਰਕੇ ਵੀ ਖ਼ਤਮ ਕੀਤਾ ਜਾ ਸਕਦਾ ਹੈ। ਇਸ ਮੁੱਦੇ 'ਤੇ ਆਖਰੀ ਫੈਸਲਾ ਸੁਪਰੀਮ ਕੋਰਟ ਦਾ ਹੀ ਹੋਏਗਾ। ਟਰੰਪ ਨੇ ਨਾਗਰਿਕਤਾ ਦੇ ਮੌਜੂਦਾ ਕਾਨੂੰਨ ਨੂੰ ਬੇਤੁਕਾ ਕਿਹਾ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਵਿੱਚ ਬਦਲਾਅ ਕਰਨ ਲਈ ਕੋਈ ਸੰਵਿਧਾਨਕ ਸੋਧ ਦੀ ਜ਼ਰੂਰਤ ਨਹੀਂ, ਬਲਕਿ ਇਹ ਐਗਜ਼ੀਕਿਊਟਿਵ ਆਰਡਰ ਪਾਸ ਕਰਨ ਨਾਲ ਹੀ ਹੋ ਜਾਏਗਾ।

# ਜਾਣੋ ਕੀ ਹੈ ਬਿਟਕੁਆਇਨ ਅਤੇ ਕਿੰਝ ਹੁੰਦੀ ਹੈ ਟ੍ਰੇਡਿੰਗ

ਦੁਨੀਆ ਭਰ 'ਚ ਕ੍ਰਿਪਟੋਕਰੰਸੀ ਭਾਵ ਬਿਟਕੁਆਇਨ ਤੇਜ਼ੀ ਨਾਲ ਵਧ ਰਿਹਾ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ 'ਚ ਹੋਰ ਵੀ ਵਾਧਾ ਹੋ ਸਕਦਾ ਹੈ। ਭਾਰਤ 'ਚ ਬਿਟਕੁਆਇਨ ਟ੍ਰੇਡਿੰਗ ਨੂੰ ਅਪਰਾਧ ਮੰਨਿਆ ਗਿਆ ਹੈ। ਬਿਟਕੁਆਇਨ 'ਚ ਨਿਵੇਸ਼ ਕਰਨ ਵਾਲੇ ਅਮੀਰ ਲੋਕ ਉਹ ਹਨ ਜੋ ਇਸ ਆਨਲਾਈਨ ਕਰੰਸੀ ਦੇ ਰਾਹੀਂ ਆਪਣੀ ਪੂੰਜੀ ਨੂੰ ਤੇਜ਼ੀ ਨਾਲ ਵਧਾਉਣਾ ਚਾਹੁੰਦੇ ਹਨ। ਸਰਕਾਰ ਦਾ ਕਹਿਣਾ ਹੈ ਕਿ ਉਸ ਦੇ ਕੋਲ ਵਰਚੁਅਲ ਕਰੰਸੀ ਦਾ ਕੋਈ ਡਾਟਾ ਨਹੀਂ ਹੈ ਅਤੇ ਇਸ ਲਈ ਇਸ ਦੀ ਟ੍ਰੇਡਿੰਗ 'ਚ ਖਤਰਾ ਹੋ ਸਕਦਾ ਹੈ।ਬਿਟਕੁਆਇਨ ਦੀ ਸ਼ੁਰੂਆਤ 2009 'ਚ ਹੋਈ ਸੀ। ਬਿਟਕੁਆਇਨ ਦੀ ਕੀਮਤ ਲਗਾਕਾਰ ਵਧ ਰਹੀ ਹੈ। ਅੱਜ ਇਸ ਦੀ ਕੀਮਤ 10 ਲੱਖ ਨੂੰ ਕਰਾਸ ਕਰ ਚੁੱਕੀ ਹੈ। ਇਹ ਇਕ ਤਰ੍ਹਾਂ ਦੀ ਡਿਜੀਟਲ ਕਰੰਸੀ ਹੈ। ਇਸ ਦੀ ਸ਼ੁਰੂਆਤ ਸਤੋਸ਼ੀ ਨਾਂ ਦੇ ਸ਼ਖਸ ਨੇ ਕੀਤੀ ਸੀ। ਭਾਰਤ 'ਚ ਗੁੱਪ-ਚੁੱਪ ਤਰੀਕੇ ਨਾਲ ਬਿਟਕੁਆਇਨ ਟ੍ਰੇਡਿੰਗ ਕੀਤੀ ਜਾ ਰਹੀ ਹੈ। ਹਾਲਾਂਕਿ ਸਰਕਾਰ ਨੇ ਇਸ ਦੇ ਬਾਰੇ 'ਚ ਸਾਵਧਾਨ ਕੀਤਾ ਹੈ। ਰਿਜ਼ਰਵ ਬੈਂਕ ਨੇ ਵੀ ਬਿਟਕੁਆਇਨ 'ਤੇ ਸਖਤ ਹਿਦਾਇਤ ਦਿੱਤੀ ਹੈ।ਬਿਟਕੁਆਇਨ ਟ੍ਰੇਡਿੰਗ ਡਿਜੀਟਲ ਵਾਲਿਟ ਦੇ ਰਾਹੀਂ ਹੁੰਦੀ ਹੈ। ਬਿਟਕੁਆਇਨ ਦੀ ਕੀਮਤ ਦੁਨੀਆ ਭਰ 'ਚ ਇਕ ਸਮੇਂ 'ਤੇ ਸਮਾਨ ਹੁੰਦੀ ਹੈ ਇਸ ਲਈ ਇਸ ਦੀ ਟ੍ਰੇਡਿੰਗ ਮਸ਼ਹੂਰ ਹੋ ਗਈ ਹੈ। ਦੁਨੀਆ ਭਰ ਦੀਆਂ ਗਤੀਵਿਧੀਆਂ ਦੇ ਹਿਸਾਬ ਨਾਲ ਬਿਟਕੁਆਇਨ ਦੀ ਕੀਮਤ ਘੱਟਦੀ ਵਧਦੀ ਰਹਿੰਦੀ ਹੈ। ਇਹ ਕਿਸੇ ਦੇਸ਼ ਵਲੋਂ ਨਿਰਧਾਰਿਤ ਨਹੀਂ ਹੁੰਦੀ ਹੈ ਸਗੋਂ ਡਿਜੀਟਲੀ ਕੰਟਰੋਲ ਹੁੰਦੀ ਹੈ। ਸਟਾਕ ਮਾਰਕਿਟ ਦੀ ਤਰ੍ਹਾਂ ਬਿਟਕੁਆਇਨ ਟ੍ਰੇਡਿੰਗ ਦਾ ਕੋਈ ਨਿਰਧਾਰਿਤ ਸਮਾਂ ਨਹੀਂ ਹੁੰਦਾ ਹੈ। ਇਸ ਦੀਆਂ ਕੀਮਤਾਂ 'ਚ ਉਤਾਰ-ਚੜ੍ਹਾਅ ਵੀ ਬਹੁਤ ਤੇਜ਼ੀ ਨਾਲ ਹੁੰਦਾ ਹੈ।ਦੇ ਰਾਹੀਂ ਬਿਟਕੁਆਇਨ ਟ੍ਰੇਡਿੰਗ ਕੀਤੀ ਜਾ ਸਕਦੀ ਹੈ। ਇਸ ਦੇ ਲਈ ਪਹਿਲਾਂ ਆਪਣਾ ਅਕਾਊਂਟ ਬਣਾਉਣਾ ਹੁੰਦਾ ਹੈ। ਇਸ ਦੇ ਬਾਅਦ ਈ-ਮੇਲ ਦੇ ਰਾਹੀਂ ਅਕਾਊਂਟ ਕਨਫਰਮ ਕਰਨਾ ਹੁੰਦਾ ਹੈ। ਅਕਾਊਂਟ ਵੈਰੀਫਾਈ ਹੋਣ ਤੋਂ ਬਾਅਦ ਤੁਸੀਂ ਟ੍ਰੇਡਿੰਗ ਮੈਥਡ ਸਿਲੈਕਟ ਕਰ ਸਕਦੇ ਹੋ। ਟ੍ਰੇਡਿੰਗ ਦੇ ਲਈ ਚਾਰਟ ਮੌਜੂਦ ਹੁੰਦਾ ਹੈ ਜਿਸ 'ਚ ਬਿਟਕੁਆਇਨ ਦੀ ਕੀਮਤ ਦੀ ਹਿਸਟਰੀ ਹੁੰਦੀ ਹੈ। ਤੁਸੀਂ ਸਮੇਂ 'ਤੇ ਬਿਟਕੁਆਇਨ ਦਾ ਆਰਡਰ ਦੇ ਸਕਦੇ ਹੋ ਅਤੇ ਵੇਚ ਸਕਦੇ ਹਨ। ਬਿਟਕੁਆਇਨ ਦੀਆਂ ਕੀਮਤਾਂ 'ਚ ਬਦਲਾਅ ਬਹੁਤ ਹੀ ਅਚਾਨਕ ਅਤੇ ਤੇਜ਼ ਹੁੰਦਾ ਹੈ ਇਸ ਲਈ ਇਸ 'ਚ ਖਤਰਾ ਬਣਿਆ ਰਹਿੰਦਾ ਹੈ।

**ਇਨ੍ਹਾਂ ਪੰਜ ਕਾਰਨਾਂ ਕਰਕੇ ਬਾਊਂਸ ਹੁੰਦੇ ਹਨ ਚੈੱਕ**

ਦੇਸ਼ 'ਚ ਚੈੱਕ ਬਾਊਂਸ ਹੋਣ ਦੇ ਕੇਸ ਆਮ ਸੁਣੇ ਜਾ ਸਕਦੇ ਹਨ ਅਤੇ ਜੇਕਰ ਦੋਸ਼ ਸਾਬਤ ਹੋ ਜਾਂਦਾ ਹੈ ਤਾਂ ਅਜਿਹੀ ਸਥਿਤੀ ਵਿਚ ਦੋਸ਼ੀ ਨੂੰ ਜੇਲ ਤੱਕ ਹੋ ਸਕਦੀ ਹੈ। ਕੀ ਤੁਹਾਨੂੰ ਲੱਗਦਾ ਹੈ ਕਿ ਚੈੱਕ ਦੇਣ ਵਾਲੇ ਦੇ ਖਾਤੇ ਵਿਚ ਜੇਕਰ ਲੋੜੀਂਦਾ ਬਕਾਇਆ ਨਾ ਹੋਵੇ ਸਿਰਫ ਤਾਂ ਹੀ ਚੈੱਕ ਬਾਊਂਸ ਹੁੰਦੇ ਹਨ। ਜੀ ਨਹੀਂ ਚੈੱਕ ਬਾਊਂਸ ਹੋਣ ਦੇ ਹੋਰ ਵੀ ਕਈ ਕਾਰਨ ਹਨ। ਆਓ ਜਾਣਦੇ ਹਾਂ ਉਹ 5 ਕਾਰਨ ਜਿਨ੍ਹਾਂ ਕਾਰਨਾਂ ਕਰਕੇ ਚੈੱਕ ਬਾਊਂਸ ਹੋ ਸਕਦੇ ਹਨ। ਖਾਤੇ ਵਿਚ ਜੇਕਰ ਚੈੱਕ 'ਚ ਦਰਜ ਰਾਸ਼ੀ ਤੋਂ ਘੱਟ ਬਕਾਇਆ ਹੋਵੇ ਤਾਂ ਚੈੱਕ ਬਾਊਂਸ ਹੋ ਜਾਂਦਾ ਹੈ। ਜੇਕਰ ਖਾਤਾ ਕਿਸੇ ਕਾਰਨ ਫਰੀਜ਼ ਹੋ ਚੁੱਕਾ ਹੋਵੇ, ਫਿਰ ਭਾਵੇਂ ਉਸ ਵਿਚ ਜਿੰਨੇ ਮਰਜ਼ੀ ਪੈਸੇ ਕਿਉਂ ਨਾ ਹੋਣ, ਚੈੱਕ ਸਵੀਕਾਰ ਨਹੀਂ ਕੀਤਾ ਜਾਵੇਗਾ। ਚੈੱਕ 'ਤੇ ਦਰਜ ਕੀਤੀ ਤਾਰੀਖ ਦੀ ਮਿਆਦ 3 ਮਹੀਨੇ ਤੋਂ ਉੱਪਰ ਹੋ ਚੁੱਕੀ ਹੋਵੇ ਯਾਨੀ ਜੇਕਰ ਤੁਸੀਂ ਤਿੰਨ ਮਹੀਨੇ ਪੁਰਾਣਾ ਚੈੱਕ ਲਗਾ ਰਹੇ ਹੋ ਤਾਂ ਵੀ ਬੈਂਕ ਚੈੱਕ ਨੂੰ ਰਿਜੈਕਟ ਕਰ ਦਿੰਦਾ ਹੈ। ਜੇਕਰ ਚੈੱਕ ਕੱਟਣ ਵਾਲੇ ਵਿਅਕਤੀ ਨੇ ਉਲਟੇ ਸਿੱਧੇ ਦਸਤਖਤ ਕਰ ਦਿੱਤੇ ਹਨ ਅਤੇ ਉਹ ਦਸਤਖਤ ਬੈਂਕ 'ਚ ਦਰਜ ਨਮੂਨੇ ਵਾਲੇ ਦਸਤਖਤ ਨਾਲ ਮੈਚ ਨਹੀਂ ਕਰਦੇ ਤਾਂ ਵੀ ਚੈੱਕ ਬਾਊਂਸ ਹੋ ਜਾਂਦਾ ਹੈ। ਜੇਕਰ ਤੁਸੀਂ ਕਿਸੇ ਵਿਅਕਤੀ ਦੇ ਨਾਂ ਦਾ ਚੈੱਕ ਕੱਟ ਕੇ ਉਸ ਦੇ ਨਾਂ ਦੀ ਥਾਂ ਕਿਸੇ ਹੋਰ ਵਿਅਕਤੀ ਦਾ ਨਾਂ ਲਿਖ ਦਿੱਤਾ ਹੈ ਜਾਂ ਕਿਸੇ ਵੀ ਤਰ੍ਹਾਂ ਦੀ ਕਟਿੰਗ ਕੀਤੀ ਹੈ ਤਾਂ ਇਸ ਤਰ੍ਹਾਂ ਦੇ ਚੈੱਕ ਬੈਂਕ ਰਿਜੈਕਟ ਕਰ ਦਿੰਦਾ ਹੈ। ਇਥੋਂ ਤੱਕ ਧਨ ਰਾਸ਼ੀ ਵਿਚ ਤਬਦੀਲੀ ਵੀ ਸਵੀਕਾਰਯੋਗ ਨਹੀਂ ਹੈ।

## ਜਾਣੋ ਕੀ ਹੈ ਆਈਪੀਓ ਅਤੇ ਭਾਰਤ 'ਚ ਕਿੰਨ ਹੁੰਦਾ ਹੈ ਜਾਰੀ ?

ਇਨੀਸ਼ਲ ਪਬਲਿਕ ਆਫਰਿੰਗ (ਆਈ.ਪੀ.ਓ.) 'ਚ ਇਨਵੈਸਟ ਕਰਨ ਨਾਲ ਬਿਜ਼ਨੈੱਸ ਦੇ ਕਈ ਰਸਤੇ ਖੁੱਲ੍ਹ ਜਾਂਦੇ ਹਨ। ਕੰਪਨੀ ਦੇ ਵਿਸਤਾਰ ਦੇ ਸਮੇਂ ਆਈ.ਪੀ.ਓ. ਦੀ ਲੋੜ ਹੁੰਦੀ ਹੈ। ਇਸ ਦੀ ਸ਼ੁਰੂਆਤ ਸ਼ੇਅਰ ਨੂੰ ਉਧਾਰ ਲੈਣ ਜਾਂ ਜਾਰੀ ਕਰਨ ਨਾਲ ਹੁੰਦੀ ਹੈ। ਲੋਕਾਂ ਨੂੰ ਸ਼ੇਅਰ ਖਰੀਦਣ ਲਈ ਸੱਦਾ ਦਿੱਤਾ ਜਾਂਦਾ ਹੈ। ਸਟਾਕ ਮਾਰਕਿਟ 'ਚ ਇਸ ਨੂੰ ਪਹਿਲਾਂ ਪਬਲਿਕ ਇੰਵੀਟੇਸ਼ਨ ਕਹਿੰਦੇ ਹਨ। ਇਸ ਨੂੰ ਆਈ.ਪੀ.ਓ. ਕਹਿੰਦੇ ਹਨ। ਜਦੋਂ ਤੁਸੀਂ ਇਨ੍ਹਾਂ ਸ਼ੇਅਰਾਂ ਨੂੰ ਖਰੀਦਦੇ ਹੋ ਤਾਂ ਤੁਹਾਨੂੰ ਕੰਪਨੀ 'ਚ ਸ਼ੇਅਰ ਦੇ ਬਰਾਬਰ ਦੀ ਓਨਰਸ਼ਿੱਪ ਦਿੱਤੀ ਜਾਂਦੀ ਹੈ। ਇਸ ਦੇ ਬਾਅਦ ਸ਼ੇਅਰਾਂ ਨੂੰ ਸਟਾਕ ਐਕਸਚੇਂਜ 'ਚ ਵਰਤੋਂ ਕੀਤੀ ਜਾਂਦੀ ਹੈ। ਭਾਰਤ 'ਚ ਆਈ.ਪੀ.ਓ. ਆਈ.ਪੀ.ਓ. ਦੀ ਪੂਰੀ ਪ੍ਰਕਿਰਿਆ ਸੇਬੀ ਵਲੋਂ ਕੀਤੀ ਜਾਂਦੀ ਹੈ। ਜੇਕਰ ਕਿਸੇ ਕੰਪਨੀ ਨੂੰ ਆਈ.ਪੀ.ਓ. ਜਾਰੀ ਕਰਨਾ ਹੁੰਦਾ ਹੈ ਤਾਂ ਪਹਿਲਾਂ ਸੇਬੀ 'ਚ ਰਜਿਸਟਰ ਕਰਵਾਉਣਾ ਹੁੰਦਾ ਹੈ। ਸੇਬੀ ਸਾਰੇ ਦਰਵਾਜ਼ਿਆਂ ਦਾ ਅਧਿਐਨ ਕਰਦੀ ਹੈ ਅਤੇ ਮਨਜ਼ੂਰੀ ਦਿੰਦੀ ਹੈ। ਸੇਬੀ ਦੀ ਪ੍ਰਕਿਰਿਆ ਦੇ ਦੌਰਾਨ ਕੰਪਨੀ ਪ੍ਰਾਸਪੈਕਟਸ ਪੂਰਾ ਕਰ ਲੈਂਦੀ ਹੈ ਪਰ ਇਸ 'ਚ ਮਨਜ਼ੂਰੀ ਪੈਂਡਿੰਗ ਹੋਣ ਦਾ ਜ਼ਿਕਰ ਕਰਦੀ ਹੈ। ਸੇਬੀ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਕੰਪਨੀ ਸ਼ੇਅਰ ਦੀ ਕੀਮਤ ਨਿਰਧਾਰਿਤ ਕਰਦੀ ਹੈ ਅਤੇ ਫੈਸਲਾ ਕਰਦੀ ਹੈ ਕਿ ਕਿੰਨੇ ਸ਼ੇਅਰ ਜਾਰੀ ਕੀਤੇ ਜਾਣੇ ਹਨ। ਦੋ ਤਰ੍ਹਾਂ ਦੇ ਆਈ.ਪੀ.ਓ. ਜਾਰੀ ਕੀਤੇ ਜਾਂਦੇ ਹਨ, ਫਿਕਸਡ ਪ੍ਰਾਈਸ ਅਤੇ ਬੁੱਕ ਬਿਲਡਿੰਗ। ਫਿਕਸਡ ਪ੍ਰਾਈਸ 'ਚ ਕੰਪਨੀ ਪਹਿਲਾਂ ਹੀ ਸ਼ੇਅਰ ਦੀ ਕੀਮਤ ਤੈਅ ਕਰ ਦਿੰਦੀ ਹੈ। ਉੱਧਰ ਬੁੱਕ ਬਿਲਡਿੰਗ 'ਚ ਇਕ ਰੇਂਜ ਦੱਸ ਦਿੱਤੀ ਜਾਂਦੀ ਹੈ ਜਿਸ 'ਚ ਤੁਹਾਨੂੰ ਬਿਡ ਕਰਨੀ ਹੁੰਦੀ ਹੈ।ਜਾਰੀ ਕਰਨ ਦਾ ਤਰੀਕਾ ਤੈਅ ਕਰਨ ਦੇ ਬਾਅਦ ਕੰਪਨੀ ਦੱਸਦੀ ਹੈ ਕਿ ਪਬਲਿਕ ਦੇ ਲਈ ਕਿੰਨੇ ਸ਼ੇਅਰ ਉਪਲੱਬਧ ਹਨ। ਇਸ ਦੇ ਬਾਅਦ ਨਿਵੇਸ਼ਕ ਅਰਜ਼ੀ ਕਰ ਸਕਦਾ ਹੈ। ਲੋਕਾਂ ਦੀ ਅਰਜ਼ੀ ਆਉਣ ਤੋਂ ਬਾਅਦ ਕੰਪਨੀ ਸ਼ੇਅਰ ਵੰਡਦੀ ਹੈ। ਆਖਿਰੀ 'ਚ ਸ਼ੇਅਰ ਨੂੰ ਸਟਾਕ ਮਾਰਕਿਟ 'ਚ ਲਿਸਟ ਕਰਵਾਇਆ ਜਾਂਦਾ ਹੈ।